CEAS

B.C. Coalition to Eliminate Abuse of Seniors

## ਬਜ਼ੁਰਗਾਂ ਲਈ ਜਾਣਕਾਰੀ

*ਬਜ਼ੁਰਗਾਂ ਲਈ ਜਾਣਕਾਰੀ ਦੀਆਂ ਸ਼ੀਟਾਂ ਦੀ ਲੜੀ ਵਿੱਚੋਂ ਇਹ ਇਕ ਸ਼ੀਟ ਹੈ। ਹੋਰ ਇਹ ਹਨ:*

- *ਬਜ਼ੁਰਗਾਂ ਨਾਲ ਬੁਰਾ ਵਰਤਾਉ ਅਤੇ ਉਨ੍ਹਾਂ ਪ੍ਰਤੀ ਅਣਗਹਿਲੀ – ਕੀ ਇਹ ਇਕ ਜੁਰਮ ਹੈ?*
- *ਬਜ਼ੁਰਗਾਂ ਨਾਲ ਬੁਰਾ ਵਰਤਾਉ ਅਤੇ ਉਨ੍ਹਾਂ ਪ੍ਰਤੀ ਅਣਗਹਿਲੀ ਅਤੇ ਕਰਿਮੀਨਲ ਜਸਟਿਸ ਸਿਸਟਮ*
- *ਅਡੱਲਟ ਗਾਰਡੀਅਨਸ਼ਿਪ ਐਕਟ ਦੇ ਹਿੱਸਾ 3 ਅਧੀਨ ਬੁਰੇ ਵਰਤਾਉ ਅਤੇ ਅਣਗਹਿਲੀ ਦੀ ਰਿਪੋਰਟ ਕਰਨਾ*
- *ਕਨੂੰਨੀ ਮਦਦ ਕਿੱਥੋਂ ਲੈਣੀ ਹੈ*
- *ਆਪਣੇ ਕੰਮਾਂ ਦੇ ਪ੍ਰਬੰਧ ਵਿਚ ਮਦਦ ਲਈ ਹੋਰ ਲੋਕਾਂ ਨੂੰ ਅਧਿਕਾਰ ਦੇਣਾ*

# *ਜੁਰਮਾਂ ਬਾਰੇ ਪੁਲੀਸ ਨੂੰ ਰਿਪੋਰਟ ਕਰਨਾ ਅਤੇ ਤੁਹਾਡੇ ਵਲੋਂ ਰਿਪੋਰਟ ਕਰਨ ਵੇਲੇ ਕੀ ਹੁੰਦਾ ਹੈ*

## ਮੈਂ ਪੁਲੀਸ ਨੂੰ ਰਿਪੋਰਟ ਕਿਵੇਂ ਕਰਨੀ ਹੈ?

ਬੁਰੇ ਵਰਤਾਉ ਬਾਰੇ ਪੁਲੀਸ ਨੂੰ ਰਿਪੋਰਟ ਕਰਨਾ ਬਹੁਤ ਹੀ ਔਖਾ ਅਤੇ ਪਰੇਸ਼ਾਨ ਕਰਨ ਵਾਲਾ ਹੋ ਸਕਦਾ ਹੈ, ਖਾਸ ਕਰਕੇ ਜੇ ਤੁਹਾਨੂੰ ਨੁਕਸਾਨ ਪਹੁੰਚਾਉਣ ਵਾਲਾ ਵਿਅਕਤੀ ਉਹ ਹੈ ਜਿਸ ਦਾ ਤੁਸੀਂ ਖਿਆਲ ਰੱਖਦੇ ਹੋ। ਬਹੁਤੇ ਬਜ਼ੁਰਗਾਂ ਦੇ ਮਨ ਵਿਚ ਇਸ ਚੀਜ਼ ਬਾਰੇ ਬਹੁਤ ਸਾਰੇ ਸਵਾਲ ਹੁੰਦੇ ਹਨ ਕਿ ਇਸ ਵਿਚ ਕੀ ਸ਼ਾਮਲ ਹੈ ਅਤੇ ਕੀ ਉਮੀਦ ਰੱਖਣੀ ਹੈ।

ਜਦੋਂ ਤੁਸੀਂ ਪੁਲੀਸ ਕੋਲ ਕਿਸੇ ਜੁਰਮ ਦੀ ਰਿਪੋਰਟ ਕਰਦੇ ਹੋ ਤਾਂ ਅਫਸਰ ਤੁਹਾਡੇ ਨਾਲ ਗੱਲ ਕਰੇਗਾ ਅਤੇ ਤੁਹਾਨੂੰ ਬਹੁਤ ਸਾਰੇ ਸਵਾਲ ਪੁੱਛੇਗਾ। ਉਨ੍ਹਾਂ ਸਵਾਲਾਂ ਵਿੱਚੋਂ ਕੁਝ ਦੇ ਜਵਾਬ ਦੇਣਾ ਔਖਾ ਹੋ ਸਕਦਾ ਹੈ ਪਰ ਤੁਹਾਨੂੰ ਵੱਧ ਤੋਂ ਵੱਧ ਜਾਣਕਾਰੀ ਦੇਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਤੁਸੀਂ ਪੁਲੀਸ ਅਫਸਰ ਨੂੰ ਜੋ ਵੀ ਦੱਸੋਗੇ ਉਹ ਇਕ ਪੇਪਰ 'ਤੇ ਲਿਖਿਆ ਜਾਵੇਗਾ ਜਿਸ ਨੂੰ **ਸਟੇਟਮੈਂਟ** ਭਾਵ ਬਿਆਨ ਆਖਿਆ ਜਾਂਦਾ ਹੈ।

ਪੁਲੀਸ ਅਫਸਰ ਨੂੰ ਇਹ ਦੱਸਣਾ ਯਾਦ ਰੱਖੋ ਕਿ ਕੀ ਕੋਈ ਧਮਕੀਆਂ ਦਿੱਤੀਆਂ ਗਈਆਂ ਹਨ ਜਾਂ ਕੀ ਤੁਹਾਨੂੰ ਕੋਈ ਖਤਰਾ ਹੈ। ਆਪਣੇ ਆਪ ਨੂੰ ਸੁਰੱਖਿਅਤ ਰੱਖਣ ਲਈ ਤੁਹਾਨੂੰ ਇਕ ਵਿਉਂਤ ਬਣਾਉਣ ਦੀ ਲੋੜ ਪੈ ਸਕਦੀ ਹੈ। ਪੁਲੀਸ ਅਫਸਰ ਅਜਿਹਾ ਕਰਨ ਵਿਚ ਤੁਹਾਡੀ ਮਦਦ ਕਰ ਸਕਦਾ ਹੈ ਜਾਂ ਤੁਹਾਨੂੰ ਉਨ੍ਹਾਂ ਹੋਰ ਲੋਕਾਂ ਨਾਲ ਜੋੜ ਸਕਦਾ ਹੈ ਜਿਹੜੇ ਮਦਦ ਕਰ ਸਕਦੇ ਹਨ। ਉਦਾਹਰਣ ਲਈ, ਪੁਲੀਸ ਅਕਸਰ ਵਿਕਟਿਮ ਸਰਵਿਸ ਦੇ ਵਰਕਰਾਂ ਨੂੰ ਇਹ ਕਹਿੰਦੀ ਹੈ ਕਿ ਉਹ ਜੁਰਮਾਂ ਦੇ ਸ਼ਿਕਾਰ ਹੋਏ ਵਿਅਕਤੀਆਂ ਨੂੰ ਆਸਰਾ ਦੇਣ ਅਤੇ ਉਨ੍ਹਾਂ ਦੀ ਮਦਦ ਕਰਨ।

ਪੁਲੀਸ ਨੂੰ ਤੁਹਾਡੇ ਵਲੋਂ ਦਿੱਤੇ ਜਾ ਰਹੇ ਬਿਆਨ ਦੇ ਖਤਮ ਹੋ ਜਾਣ ਤੋਂ ਬਾਅਦ, ਤੁਹਾਨੂੰ ਇਸ ਉਪਰ ਦਸਤਖਤ ਕਰਨ ਲਈ ਕਿਹਾ ਜਾਵੇਗਾ। ਇਸ ਬਿਆਨ ਦੀ ਇਕ ਕਾਪੀ ਲੈ ਲਵੋ। ਪੁਲੀਸ ਅਫਸਰ ਦਾ ਨਾਂ ਅਤੇ ਨੰਬਰ ਲੈ ਲਵੋ ਅਤੇ ਜੇ ਸੰਭਵ ਹੋਵੇ ਤਾਂ ਭਵਿੱਖ ਵਿਚ ਹਵਾਲੇ ਲਈ ਪੁਲੀਸ ਰਿਪੋਰਟ ਦਾ ਨੰਬਰ ਲਵੋ। ਜੇ ਤੁਹਾਨੂੰ ਬਾਅਦ ਵਿਚ ਚੇਤਾ ਆਵੇ ਕਿ ਤੁਹਾਨੂੰ ਕੋਈ ਗੱਲ ਦੱਸਣੀ ਚਾਹੀਦੀ ਸੀ ਤਾਂ ਤੁਸੀਂ ਅਫਸਰ ਨਾਲ ਸੰਪਰਕ ਕਰ ਸਕਦੇ ਹੋ ਅਤੇ ਇਹ ਨਵੀਂ ਜਾਣਕਾਰੀ ਦੇ ਸਕਦੇ ਹੋ।

## *ਮੇਰੇ ਵਲੋਂ ਪੁਲੀਸ ਨੂੰ ਰਿਪੋਰਟ ਦੇਣ ਤੋਂ ਬਾਅਦ ਕੀ ਹੁੰਦਾ ਹੈ?*

ਪੁਲੀਸ ਅਫਸਰ ਤੁਹਾਡੀ ਸ਼ਿਕਾਇਤ ਦੀ ਪੜਤਾਲ ਕਰੇਗਾ। ਜੇ ਅਫਸਰ ਇਹ ਸੋਚਦਾ ਹੈ ਕਿ ਕਿਸੇ ਵਿਅਕਤੀ ਨੇ ਜੁਰਮ ਕੀਤਾ ਹੈ ਤਾਂ ਉਹ ਸਰਕਾਰੀ ਵਕੀਲ ਲਈ ਇਕ ਰਿਪੋਰਟ ਤਿਆਰ ਕਰਨਗੇ। ਸਰਕਾਰੀ ਵਕੀਲ ਪੁਲੀਸ ਦੀ ਰਿਪੋਰਟ ਦੇਖੇਗਾ ਅਤੇ ਇਹ ਫੈਸਲਾ ਕਰੇਗਾ ਕਿ ਕੀ ਉਸ ਵਿਅਕਤੀ ਨੂੰ ਜੁਰਮ ਲਈ ਚਾਰਜ ਕੀਤਾ ਜਾਣਾ ਚਾਹੀਦਾ ਹੈ।

ਜੇ ਪੁਲੀਸ ਅਤੇ ਸਰਕਾਰੀ ਵਕੀਲ ਇਹ ਸੋਚਦੇ ਹਨ ਕਿ ਉਸ ਵਿਅਕਤੀ ਨੂੰ ਚਾਰਜ ਨਹੀਂ ਕੀਤਾ ਜਾਣਾ ਚਾਹੀਦਾ ਤਾਂ ਉਹ ਇਸ ਬਾਰੇ ਤੁਹਾਨੂੰ ਦੱਸਣਗੇ। ਜੇ ਹਫਤੇ ਜਾਂ ਨੇੜੇ ਤੇੜੇ ਤੁਹਾਨੂੰ ਸ਼ਿਕਾਇਤ ਬਾਰੇ ਕੁਝ ਵੀ ਪਤਾ ਨਾ ਲੱਗੇ ਤਾਂ ਉਸ ਅਫਸਰ ਨਾਲ ਸੰਪਰਕ ਕਰੋ ਜਿਸ ਨੇ ਤੁਹਾਡੀ ਸ਼ਿਕਾਇਤ ਲਈ ਸੀ। ਵਿਕਟਿਮ ਸਰਵਿਸ ਦੇ ਵਰਕਰ ਵੀ ਇਹ ਪਤਾ ਲਾਉਣ ਵਿਚ ਤੁਹਾਡੀ ਮਦਦ ਕਰ ਸਕਦੇ ਹਨ ਕਿ ਪੜਤਾਲ ਦੇ ਸਬੰਧ ਵਿਚ ਕੀ ਹੋ ਰਿਹਾ ਹੈ।

ਤੁਸੀਂ ਆਪਣੇ ਸਥਾਨਕ ਵਿਕਟਿਮ ਸਰਵਿਸ ਪ੍ਰੋਗਰਾਮ ਦਾ ਟੈਲੀਫੋਨ ਨੰਬਰ ਲੈਣ ਅਤੇ ਇਸ ਦੇ ਨਾਲ ਹੀ ਆਪਣੀ ਕਮਿਊਨਟੀ ਵਿਚਲੀਆਂ ਹੋਰ ਸੇਵਾਵਾਂ ਬਾਰੇ ਜਾਣਨ ਲਈ **ਵਿਕਟਿਮਲਿੰਕ ਨੂੰ 1 800 563-0808** ’ਤੇ ਫੋਨ ਕਰ ਸਕਦੇ ਹੋ।

ਜੁਰਮਾਂ ਦੇ ਸ਼ਿਕਾਰ ਕੁਝ ਵਿਅਕਤੀ ਅਜਿਹੇ ਹੁੰਦੇ ਹਨ ਜੋ ਆਪਣੀ ਬੀਮਾਰੀ, ਸੱਟ ਜਾਂ ਅਪਾਹਜਤਾ ਕਰਕੇ ਪੁਲੀਸ ਨੂੰ ਇਹ ਨਹੀਂ ਦੱਸ ਸਕਦੇ ਕਿ ਕੀ ਵਾਪਰਿਆ ਹੈ। ਪੁਲੀਸ ਅਜੇ ਵੀ ਹੋਰ ਸਬੂਤ ਲੱਭ ਸਕਦੀ ਹੈ ਤਾਂ ਜੋ ਜੁਰਮ ਦਾ ਸ਼ਿਕਾਰ ਹੋਏ ਵਿਅਕਤੀ ਦੇ ਹਲਫ਼ੀਆ ਬਿਆਨ ਤੋਂ ਬਿਨਾਂ ਹੀ ਪੈਰਵੀ ਮੁਕੱਦਮਾ ਚੱਲ ਸਕੇ। ਇਸ ਸਬੂਤ ਵਿਚ ਹਥਿਆਰ ਜਾਂ ਉਹ ਪ੍ਰਾਪਰਟੀ ਸ਼ਾਮਲ ਹੋ ਸਕਦੇ ਹਨ ਜਿਹੜੇ ਗੈਰਕਨੂੰਨੀ ਤਰੀਕੇ ਨਾਲ ਹਾਸਲ ਕੀਤੇ ਗਏ ਸਨ ਜਾਂ ਗਵਾਹਾਂ ਵਲੋਂ ਬਿਆਨ ਦਿੱਤੇ ਗਏ ਸਨ।

### *ਕਿਸੇ ਜੁਰਮ ਦੇ ਦੋਸ਼ ਲੱਗੇ ਵਿਅਕਤੀ ਨਾਲ ਕੀ ਵਾਪਰਦਾ ਹੈ?*

ਜੁਰਮਾਂ ਦੇ ਸ਼ਿਕਾਰ ਹੋਏ ਬਹੁਤੇ ਬਜ਼ੁਰਗਾਂ ਦੇ ਮਨਾਂ ਵਿਚ ਜਿਹੜਾ ਇਕ ਹੋਰ ਸਵਾਲ ਹੁੰਦਾ ਹੈ ਉਹ ਹੈ: *“ਦੋਸ਼ ਲੱਗੇ ਵਿਅਕਤੀ ਨੂੰ ਕੀ ਹੋਵੇਗਾ?”* ਇਹ ਸਵਾਲ ਖਾਸ ਤੌਰ ’ਤੇ ਮਹੱਤਵਪੂਰਨ ਹੈ, ਜੇ ਦੋਸ਼ ਲੱਗਾ ਵਿਅਕਤੀ ਕੋਈ ਰਿਸ਼ਤੇਦਾਰ ਹੈ ਜਾਂ ਅਜਿਹਾ ਵਿਅਕਤੀ ਹੈ ਜਿਹੜਾ ਬਜ਼ੁਰਗ ਨੂੰ ਕੋਈ ਸੇਵਾਵਾਂ ਦਿੰਦਾ ਹੈ।

ਕਦੇ ਕਦੇ ਪੁਲੀਸ ਜੁਰਮ ਦੇ ਸ਼ੱਕੀ ਵਿਅਕਤੀ ਨੂੰ ਗ੍ਰਿਫਤਾਰ ਕਰ ਲੈਂਦੀ ਹੈ। ਉਹ ਅਜਿਹਾ ਉਸ ਵਿਅਕਤੀ ਨੂੰ ਜੁਰਮ ਕਰਨਾ ਜਾਰੀ ਰੱਖਣ ਤੋਂ ਰੋਕਣ ਲਈ ਕਰ ਸਕਦੀ ਹੈ ਜਾਂ ਇਹ ਪੱਕਾ ਕਰਨ ਲਈ ਕਰ ਸਕਦੀ ਹੈ ਕਿ ਜੁਰਮ ਦਾ ਸ਼ਿਕਾਰ ਵਿਅਕਤੀ ਅਤੇ ਹੋਰ ਲੋਕ ਸੁਰੱਖਿਅਤ ਰਹਿਣ। ਪੁਲੀਸ ਦੋਸ਼ ਲੱਗੇ ਵਿਅਕਤੀ ਨੂੰ ਜੇਲ੍ਹ ਵਿਚ ਰੱਖ ਸਕਦੀ ਹੈ ਜੇ ਉਹ ਇਹ ਯਕੀਨ ਕਰੇ ਕਿ ਉਹ ਹੋਰਨਾਂ ਲਈ ਖਤਰਾ ਹੈ ਜਾਂ ਕਿ ਉਹ ਆਪਣੀ ਅਦਾਲਤ ਵਿਚਲੀ ਪੇਸ਼ੀ ’ਤੇ ਨਹੀਂ ਆਵੇਗਾ/ਆਵੇਗੀ।

### *ਜ਼ਮਾਨਤ ਲਈ ਸੁਣਵਾਈ*

ਕਿਸੇ ਜੁਰਮ ਲਈ ਚਾਰਜ ਕੀਤੇ ਗਏ ਕਿਸੇ ਵੀ ਵਿਅਕਤੀ ਨੂੰ ਜ਼ਮਾਨਤ ਲਈ ਵਿਚਾਰੇ ਜਾਣ ਦਾ ਹੱਕ ਹੈ। ਕਿਸੇ ਨੂੰ ਵੀ ਮੁਕੱਦਮਾ ਚੱਲਣ ਤੱਕ ਆਪਣੇ ਆਪ ਕੈਦ ਵਿਚ ਨਹੀਂ ਰੱਖਿਆ ਜਾ ਸਕਦਾ। ਆਮ ਤੌਰ ’ਤੇ, ਜ਼ਮਾਨਤ ਦੀ ਸੁਣਵਾਈ, ਮੁਕੱਦਮੇ ਦੇ ਚੱਲਣ ਤੱਕ ਜੇਲ੍ਹ ਵਿੱਚੋਂ ਰਿਹਾ ਕੀਤੇ ਜਾਣ ਦੀ ਇਕ ਅਰਜ਼ੀ ਹੈ।

ਦੋਸ਼ ਲੱਗੇ ਵਿਅਕਤੀ ਦੀ, ਗ੍ਰਿਫਤਾਰ ਹੋਣ ਤੋਂ ਬਾਅਦ 24 ਘੰਟਿਆਂ ਦੇ ਵਿਚ ਵਿਚ ਜ਼ਮਾਨਤ ਲਈ ਸੁਣਵਾਈ ਹੋਣੀ ਜ਼ਰੂਰੀ ਹੈ। ਕੋਈ ਜੱਜ ਜਾਂ ਜਸਟਿਸ ਆਫ ਪੀਸ ਜ਼ਮਾਨਤ ’ਤੇ ਰਿਹਾਈ ਜਾਂ ਰਿਹਾਈ ਦਾ ਆਰਡਰ ਕਰੇਗਾ ਅਤੇ ਉਹ ਜ਼ਮਾਨਤ ਦੀਆਂ ਕਈ ਵੱਖ ਵੱਖ ਕਿਸਮਾਂ ਵਿੱਚੋਂ ਇਕ ਦੀ ਮੰਗ ਕਰ ਸਕਦਾ ਹੈ।

ਜ਼ਮਾਨਤ ’ਤੇ ਰਿਹਾਈ ਦੇ ਆਰਡਰ ਦਾ ਸਭ ਤੋਂ ਸਰਲ ਰੂਪ **ਹਾਜ਼ਰ ਹੋਣ ਦਾ ਵਾਅਦਾ** ਹੈ (ਜਿਸ ਨੂੰ **ਅੰਡਰਟੇਕਿੰਗ ਟੂ ਅਪੀਅਰ** ਵੀ ਆਖਿਆ ਜਾਂਦਾ ਹੈ)। ਜੇ ਦੋਸ਼ ਲੱਗੇ ਵਿਅਕਤੀ ਦਾ ਕੋਈ ਅਪਰਾਧੀ ਰਿਕਾਰਡ ਨਾ ਹੋਵੇ ਜਾਂ ਸਿਰਫ ਹਲਕਾ ਜਿਹਾ ਅਪਰਾਧੀ ਰਿਕਾਰਡ ਹੋਵੇ ਤਾਂ ਜ਼ਮਾਨਤ ਦੇ ਇਸ ਰੂਪ ਦੀ ਵਰਤੋਂ ਕੀਤੇ ਜਾਣ ਦੀ ਜ਼ਿਆਦਾ ਸੰਭਾਵਨਾ ਹੈ।

ਹਾਜ਼ਰ ਹੋਣ ਦੇ ਵਾਅਦੇ ਨਾਲ ਕੁਝ ਸ਼ਰਤਾਂ ਜੋੜੀਆਂ ਗਈਆਂ ਹੋ ਸਕਦੀਆਂ ਹਨ। ਉਦਾਹਰਣ ਲਈ, ਦੋਸ਼ ਲੱਗੇ ਵਿਅਕਤੀ ਨੂੰ ਬੇਲ ਸੁਪਰਵਾਈਜ਼ਰ ਕੋਲ ਰਿਪੋਰਟ ਕਰਨ ਦੀ ਲੋੜ ਹੋ ਸਕਦੀ ਹੈ ਜਾਂ ਕਿਸੇ ਖਾਸ ਐਡਰੈਸ ’ਤੇ ਰਹਿਣ ਲਈ ਸਹਿਮਤ ਹੋਣਾ ਪੈ ਸਕਦਾ ਹੈ ਜਾਂ ਜੁਰਮ ਦਾ ਸ਼ਿਕਾਰ ਹੋਏ ਵਿਅਕਤੀ ਅਤੇ ਹੋਰ ਲੋਕਾਂ ਨਾਲ ਸੰਪਰਕ ਕਰਨ ਦੀ ਮਨਾਹੀ ਹੋ ਸਕਦੀ ਹੈ।

### *ਮੁਚੱਲਕਾ*

ਜ਼ਮਾਨਤ ਦੀ ਇਕ ਹੋਰ ਕਿਸਮ ਮੁਚੱਲਕਾ (ਰਿਕੋਗਨੀਜ਼ੈਂਸ) ਹੈ। ਜੇ ਦੋਸ਼ ਲੱਗਾ ਵਿਅਕਤੀ ਅਦਾਲਤ ਵਿਚ ਪੇਸ਼ ਨਹੀਂ ਹੁੰਦਾ ਤਾਂ ਇਹ ਇਕ ਤਹਿ ਕੀਤੀ ਗਈ ਰਕਮ ਅਦਾ ਕਰਨ ਦਾ ਇਕਰਾਰਨਾਮਾ ਹੈ। ਮੁਚੱਲਕੇ ਨਾਲ ਕਈ ਸ਼ਰਤਾਂ ਜੋੜੀਆਂ ਗਈਆਂ ਹੋ ਸਕਦੀਆਂ ਹਨ। ਜ਼ਮਾਨਤ ਦੀਆਂ ਚੋਣਾਂ ਵਿਚ ਸ਼ਾਮਲ ਹਨ:

- ਮੁਚੱਲਕਾ ਜੋ ਕਿ ਉਹ ਰਕਮ ਤਹਿ ਕਰਦਾ ਹੈ ਜਿਹੜੀ ਦੋਸ਼ ਲੱਗੇ ਵਿਅਕਤੀ ਲਈ ਦੇਣੀ ਜ਼ਰੂਰੀ ਹੈ ਜੇ ਉਹ ਅਦਾਲਤ ਵਿਚ ਪੇਸ਼ ਨਹੀਂ ਹੁੰਦਾ

- ਰਕਮ ਵਾਲਾ ਮੁਚੱਲਕਾ, ਜਿਹੜਾ ਦੋਸ਼ ਲੱਗੇ ਵਿਅਕਤੀ ਲਈ ਦੇਣਾ ਜ਼ਰੂਰੀ ਹੈ ਜੇ ਉਹ ਅਦਾਲਤ ਵਿਚ ਪੇਸ਼ ਨਹੀਂ ਹੁੰਦਾ ਅਤੇ ਇਸ ਦੇ ਨਾਲ ਹੀ ਇਕ ਨਗਦੀ ਜਮ੍ਹਾਂ ਕਰਵਾਉਣੀ ਪੈਂਦੀ ਹੈ
- ਜ਼ਾਮਨੀ ਵਾਲਾ ਮੁਚੱਲਕਾ ਉਹ ਹੈ, ਜਦੋਂ ਕੋਈ ਹੋਰ ਉਦੋਂ ਤਹਿ ਕੀਤੀ ਗਈ ਰਕਮ ਦੇਣ ਲਈ ਸਹਿਮਤ ਹੁੰਦਾ ਹੈ ਜੇ ਦੋਸ਼ ਲੱਗਾ ਵਿਅਕਤੀ ਅਦਾਲਤ ਵਿਚ ਪੇਸ਼ ਨਾ ਹੋਵੇ।

ਜੇ ਦੋਸ਼ ਲੱਗੇ ਵਿਅਕਤੀ ਨੂੰ ਉਪਰ ਲਿਖਿਆਂ ਵਿੱਚੋਂ ਕਿਸੇ 'ਤੇ ਵੀ ਰਿਹਾਅ ਨਹੀਂ ਕੀਤਾ ਜਾਂਦਾ ਅਤੇ ਉਸ ਨੂੰ ਹਿਰਾਸਤ ਵਿਚ ਰੱਖਿਆ ਜਾਂਦਾ ਹੈ ਤਾਂ ਫਿਰ ਸਰਕਾਰੀ ਵਕੀਲ, ਦੋਸ਼ ਲੱਗੇ ਵਿਅਕਤੀ ਨੂੰ ਮੁਢਲੀ ਇਨਕੁਆਰੀ ਜਾਂ ਮੁਕੱਦਮੇ ਤੱਕ ਰਿਹਾਅ ਨਾ ਕਰਨ ਦੇ ਕਾਰਨ ਦੱਸਣ ਲਈ ਇਕ **ਸ਼ੋਅ ਕਾਜ਼ ਹੀਅਰਿੰਗ** ਕਰੇਗਾ।

## *ਪੀਸ ਬੌਂਡ ਕੀ ਹੈ?*

ਕਦੇ ਕਦੇ ਕਰਿਮੀਨਲ ਕੋਡ ਦੇ ਸੈਕਸ਼ਨ 810 ਅਧੀਨ, ਕਿਸੇ ਘਰ ਜਾਂ ਆਂਢ-ਗੁਆਂਢ ਵਿਚ ਹਿੰਸਾ ਜਾਂ ਨੁਕਸਾਨ ਤੋਂ ਰੋਕਥਾਮ ਕਰਨ ਲਈ **ਪੀਸ ਬੌਂਡ** ਦਾ ਆਰਡਰ ਕੀਤਾ ਜਾਂਦਾ ਹੈ। ਪੀਸ ਬੌਂਡ ਦੋਸ਼ੀ (ਡਿਫੈਂਡੈਂਟ) ਨੂੰ ਇਹ ਹੁਕਮ ਦਿੰਦਾ ਹੈ ਕਿ ਉਹ ਸ਼ਾਂਤੀ ਰੱਖੇ ਅਤੇ ਇਕ ਸਾਲ ਤੱਕ ਦੇ ਸਮੇਂ ਲਈ ਚੰਗਾ ਵਰਤਾਉ ਕਰੇ। ਪੀਸ ਬੌਂਡ ਦੀਆਂ ਆਮ ਸ਼ਰਤਾਂ ਇਹ ਹਨ ਕਿ ਜੁਰਮ ਦੇ ਦੋਸ਼ ਲੱਗੇ ਵਿਅਕਤੀ ਨੂੰ ਉਸ ਵਿਅਕਤੀ ਨਾਲ ਕੋਈ ਸੰਪਰਕ ਨਹੀਂ ਕਰਨਾ ਚਾਹੀਦਾ ਜਿਹੜਾ ਜੁਰਮ ਦਾ ਸ਼ਿਕਾਰ ਹੋਇਆ ਹੈ। ਫੋਨ ਕਾਲਾਂ, ਚਿੱਠੀਆਂ ਅਤੇ ਫੇਰੀਆਂ ਦੀ ਆਗਿਆ ਨਹੀਂ ਹੈ ਭਾਵੇਂ ਕਿ ਜੁਰਮ ਦਾ ਸ਼ਿਕਾਰ ਹੋਇਆ ਵਿਅਕਤੀ ਹੀ ਦੋਸ਼ੀ ਨੂੰ ਅਜਿਹਾ ਕਰਨ ਲਈ ਸੱਦ ਰਿਹਾ ਹੋਵੇ। ਜੇ ਦੋਸ਼ ਲੱਗਾ ਵਿਅਕਤੀ ਪੀਸ ਬੌਂਡ ਦੀ ਕਿਸੇ ਵੀ ਸ਼ਰਤ ਨੂੰ ਤੋੜਦਾ ਹੈ ਤਾਂ ਉਸ 'ਤੇ ਹੋਰ ਕਰਿਮੀਨਲ ਚਾਰਜ ਲੱਗ ਸਕਦਾ ਹੈ।

## *ਤੁਸੀਂ ਪੀਸ ਬੌਂਡ ਲਈ ਅਪਲਾਈ ਕਿਵੇਂ ਕਰਦੇ ਹੋ?*

ਜੇ ਕਿਸੇ ਨੇ ਤੁਹਾਨੂੰ ਗੰਭੀਰ ਹੋ ਕੇ ਨੁਕਸਾਨ ਪਹੁੰਚਾਉਣ ਜਾਂ ਤੁਹਾਡੀ ਪ੍ਰਾਪਰਟੀ ਨੂੰ ਨੁਕਸਾਨ ਪਹੁੰਚਾਉਣ ਦੀ ਧਮਕੀ ਦਿੱਤੀ ਹੈ ਤਾਂ ਤੁਸੀਂ ਪੁਲੀਸ ਕੋਲ ਰਿਪੋਰਟ ਦਰਜ ਕਰਵਾ ਕੇ ਪੀਸ ਬੌਂਡ ਦੀ ਮੰਗ ਕਰ ਸਕਦੇ ਹੋ। ਪੁਲੀਸ ਨੂੰ ਧਮਕੀ ਜਾਂ ਹਮਲੇ ਬਾਰੇ ਵੱਧ ਤੋਂ ਵੱਧ ਜਾਣਕਾਰੀ ਦੇਵੋ। ਜੇ ਖਤਰਾ ਅਜੇ ਵੀ ਚੱਲ ਰਿਹਾ ਹੈ ਤਾਂ ਹਰ ਵਾਕਿਆ ਦਾ ਰਿਕਾਰਡ ਰੱਖੋ ਅਤੇ ਇਹ ਲਿਖ ਲਵੋ ਕਿ ਧਮਕੀ ਦੇਣ ਵੇਲੇ ਕਿਹੜੇ ਅਸਲੀ ਲਫਜ਼ ਵਰਤੇ ਗਏ ਸਨ।

ਪੁਲੀਸ ਪੜਤਾਲ ਕਰੇਗੀ ਅਤੇ ਸਰਕਾਰੀ ਵਕੀਲ ਲਈ ਇਕ ਰਿਪੋਰਟ ਤਿਆਰ ਕਰੇਗੀ ਜੋ ਇਹ ਫੈਸਲਾ ਕਰੇਗਾ ਕਿ ਕੀ ਤੁਹਾਡੀ ਹਾਲਤ ਲਈ ਪੀਸ ਬੌਂਡ ਢੁਕਵਾਂ ਹੈ ਜਾਂ ਨਹੀਂ। ਜੇ ਸਰਕਾਰੀ ਵਕੀਲ ਕਾਰਵਾਈ ਕਰਨ ਦਾ ਫੈਸਲਾ ਕਰਦਾ ਹੈ ਤਾਂ ਤੁਹਾਨੂੰ ਧਮਕੀਆਂ ਦੇਣ ਵਾਲੇ ਵਿਅਕਤੀ ਨੂੰ ਸ਼ਰਤਾਂ ਨਾਲ ਸਹਿਮਤ ਹੋਣ ਅਤੇ ਪੀਸ ਬੌਂਡ 'ਤੇ ਦਸਤਖਤ ਕਰਨ ਲਈ ਆਖਿਆ ਜਾ ਸਕਦਾ ਹੈ। ਜੇ ਉਹ ਸਹਿਮਤ ਨਹੀਂ ਹੁੰਦਾ/ਹੁੰਦੀ ਤਾਂ ਸੁਣਵਾਈ ਦੀ ਤਰੀਕ ਤਹਿ ਕੀਤੀ ਜਾਵੇਗੀ।

ਜੇ ਤੁਸੀਂ ਪੁਲੀਸ ਅਤੇ ਸਰਕਾਰੀ ਵਕੀਲ ਰਾਹੀਂ ਪੀਸ ਬੌਂਡ ਨਾ ਲੈ ਸਕੋ ਤਾਂ ਤੁਸੀਂ ਸੂਬਾਈ ਅਦਾਲਤ, ਕਰਿਮੀਨਲ ਡਵੀਜ਼ਨ ਕੋਲ ਜਾ ਸਕਦੇ ਹੋ ਅਤੇ ਜਸਟਿਸ ਆਫ ਪੀਸ ਨੂੰ ਪੀਸ ਬੌਂਡ ਜਾਰੀ ਕਰਨ ਲਈ ਕਹਿ ਸਕਦੇ ਹੋ।

ਪੀਸ ਬੌਂਡ ਲਈ ਅਪਲਾਈ ਕਰਨ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ, *ਫਾਰ ਯੂਅਰ ਪ੍ਰੋਟੈਕਸ਼ਨ, ਪੀਸ ਬੌਂਡਜ਼ ਐਂਡ ਰਿਸਟਰੇਨਿੰਗ ਆਰਡਰਜ਼* ਨਾਂ ਦਾ ਬਰੋਸ਼ਰ ਦੇਖੋ। ਵਿਕਟਿਮ ਸਰਵਿਸਿਜ਼ ਅਤੇ ਕਮਿਉਨਟੀ ਪ੍ਰੋਗਰਾਮਜ਼ ਡਵੀਜ਼ਨ ਤੋਂ ਇਸ ਦੀ ਕਾਪੀ ਲੈਣ ਲਈ 604-660-5199 'ਤੇ ਫੋਨ ਕਰੋ ਜਾਂ ਇਹ www.pssg.gov.bc.ca ਵੈੱਬਸਾਈਟ ਤੋਂ ਡਾਊਨਲੋਡ ਕਰੋ।

## *ਕੀ ਕੁਝ ਮੁਜਰਮਾਨਾ ਜੁਰਮ ਦੂਜਿਆਂ ਨਾਲੋਂ ਜ਼ਿਆਦਾ ਗੰਭੀਰ ਹਨ?*

*ਕਰਿਮੀਨਲ ਕੋਡ ਆਫ ਕੈਨੇਡਾ* ਅਧੀਨ ਜੁਰਮਾਂ ਨੂੰ ਬਿਹਤਰ ਸਮਝਣ ਲਈ, ਇਹ ਜਾਣਨਾ ਜ਼ਰੂਰੀ ਹੈ ਕਿ ਕਰਿਮੀਨਲ ਚਾਰਜਾਂ ਦੀਆਂ ਤਿੰਨ ਸ਼੍ਰੇਣੀਆਂ ਹਨ। ਇਹ ਹਨ **ਸਮਰੀ ਓਫੈਂਸਿਜ਼, ਇਨਡਿਕਟੇਬਲ ਓਫੈਂਸਿਜ਼** ਅਤੇ **ਉਹ ਜੁਰਮ ਜਿਹੜੇ ਸਮਰੀ ਜਾਂ ਦੋਸ਼ ਲਾਉਣ ਯੋਗ ਸਮਝੇ ਜਾ ਸਕਦੇ ਹਨ।**

ਇਨਡਿਕਟੇਬਲ ਜੁਰਮ ਸਮਰੀ ਜੁਰਮਾਂ ਨਾਲੋਂ ਜ਼ਿਆਦਾ ਗੰਭੀਰ ਹਨ। ਉਦਾਹਰਣ ਲਈ, ਕਤਲ ਇਕ ਇਨਡਿਕਟੇਬਲ ਜੁਰਮ ਹੈ, ਜਦ ਕਿ ਅਵਾਰਾਗਰਦੀ ਕਰਨਾ ਜਾਂ ਵਿਘਨ ਪਾਉਣਾ ਸਮਰੀ ਜੁਰਮ ਹਨ। ਜਿਹੜੇ ਜੁਰਮਾਂ ਨੂੰ ਸਮਰੀ ਜਾਂ ਇਨਡਿਕਟੇਬਲ ਸਮਝਿਆ ਜਾ ਸਕਦਾ ਹੈ, ਉਨ੍ਹਾਂ ਵਿਚ ਹਮਲਾ ਕਰਨਾ ਅਤੇ ਕਾਮੁਕ ਹਮਲਾ ਸ਼ਾਮਲ ਹਨ। ਇਹ ਫੈਸਲਾ ਸਰਕਾਰੀ ਵਕੀਲ ਕਰਦਾ ਹੈ ਕਿ ਕੀ ਕਿਸੇ ਵਿਅਕਤੀ ਨੂੰ ਸਮਰੀ ਜੁਰਮ ਲਈ ਚਾਰਜ ਕੀਤਾ ਜਾਣਾ ਚਾਹੀਦਾ ਹੈ ਜਾਂ ਇਨਡਿਕਟੇਬਲ ਜੁਰਮ ਲਈ।

ਕਨੂੰਨ ਅਤੇ ਆਪਣੇ ਹੱਕਾਂ ਬਾਰੇ ਜ਼ਿਆਦਾ ਜਾਣਨ ਲਈ ਬੀ ਸੀ ਸੀ ਈ ਏ ਐੱਸ ਨੂੰ ਲੋਅਰ ਮੇਨਲੈਂਡ ਵਿਚ 604 437-1940 ’ਤੇ ਫੋਨ ਕਰੋ ਜਾਂ ਸੂਬੇ ਦੇ ਕਿਸੇ ਵੀ ਹੋਰ ਹਿੱਸੇ ਤੋਂ 1 866 437-1940 ’ਤੇ ਮੁਫਤ ਫੋਨ ਕਰੋ।

*ਇਹ ਜਾਣਕਾਰੀ ਸ਼ੀਟ, ਕਮਿਉਨਟੀ ਆਫ ਸਰੀ ਹੈਲਥ ਗਰਾਂਟ, ਫਰੇਜ਼ਰ ਹੈਲਥ ਅਥਾਰਟੀ ਤੋਂ ਮਿਲੀ ਮਾਇਕ ਸਹਾਇਤਾ ਨਾਲ ਤਿਆਰ ਕੀਤੀ ਗਈ।*